## ਉਦਯੋਗਿਕ ਸਿਖਲਾਈ ਸੰਸਥਾਵਾਂ ਦਾ ਆਨ-ਲਾਈਨ ਦਾਖਲਾ ਨੋਟਿਸ

### ਸੈਸ਼ਨ ਅਗਸਤ 2020

ਪੰਜਾਬ ਰਾਜ ਦੀਆਂ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਅਤੇ ਪ੍ਰਾਈਵੇਟ ਐਫੀਲੇਟਿਡ ਉਦਯੋਗਿਕ ਸਿਖਲਾਈ ਸੰਸਥਾਵਾਂ/ਕੇਂਦਰਾਂ/ਟੀਚਰ ਟ੍ਰੇਨਿੰਗ ਸੰਸਥਾਵਾਂ/ਆਰਟ ਤੇ ਕਰਾਫਟ ਸੰਸਥਾਵਾਂ ਵਿਚ ਕਰਾਫਟਸਮੈਨ ਸਕੀਮ ਅਧੀਨ ਵੱਖ-ਵੱਖ ਟਰੇਡਾਂ, ਆਰਟ ਤੇ ਕਰਾਫਟ ਟੀਚਰ ਟ੍ਰੇਨਿੰਗ ਕੋਰਸ, ਪੰਜਾਬੀ ਸਟੈਨੋਗ੍ਰਾਫੀ ਅਤੇ ਕਟਾਈ ਸਿਲਾਈ ਤੇ ਕਢਾਈ ਟੀਚਰ ਟ੍ਰੇਨਿੰਗ ਕੋਰਸਾਂ ਵਾਸਤੇ ਹੇਠ ਦਰਸਾਈਆਂ ਮਿਤੀਆਂ ਅਨੁਸਾਰ ਦਾਖਲਾ ਹੋਵੇਗਾ:-

**First Counselling:-**

| | |
|---|---|
| Online registration and document uploading by candidates | 09 August 2020 to 19 August 2020 (10:00 PM) |
| Online deposit of processing fee by candidate | 16 August 2020 to 19 August 2020(11:59 PM) |
| Online document Verification by designated institutes D.I.'s (Govt ITI's) | 16 August 2020 to 20 August 2020 |
| Online choice filling | 17 August 2020 to 21 August 2020 |
| Online result declaration/Seat allotment | 24 August 2020 |
| Online Fee Payment for admission in Government ITIs /Reporting of candidates to respective private ITIs in case of admission in private ITI for confirmation of seat | 24 August 2020 to 26 August 2020 |

**Second Counselling**

| | |
|---|---|
| Online registration and document uploading by candidates | 24 August 2020 to 27 August 2020 (10:00 PM) |
| Online deposit of processing fee by candidate | 24 August 2020 to 27 August 2020(11:59 PM) |
| Online document Verification by designated institutes D.I.'s (Govt ITI's) | 24August 2020 to 28 August 2020 |
| Online choice filling | 27 August 2020 to 29 August 2020 |
| Online result declaration/Seat allotment | 01 September 2020 |
| Online Fee Payment for admission in Government ITIs /Reporting of candidates to respective private ITIs in case of admission in private ITI, for confirmation of seat | 01 September 2020 to 03 September 2020 |

**Third Counselling:-**

| | |
|---|---|
| Online registration and document uploading by candidates | 01 September 2020 to 04 September 2020 (10:00 PM) |
| Online deposit of processing fee by candidate | 01 September 2020 to 04 September 2020 (11:59 PM) |
| Online document Verification by designated institutes D.I.'s (Govt ITI's) | 01 September 2020 to 05 September 2020 |
| Online choice filling | 04 September 2020 to 06 September 2020 |
| Online result declaration/Seat allotment | 09 September 2020 |
| Online Fee Payment for admission in Government ITIs /Reporting of candidates to respective private ITIs in case of admission in private ITI, for confirmation of seat | 09 September 2020 to 11 September 2020 |

COVID-19 ਕਾਰਨ ਦਾਖਲੇ ਦੀਆਂ ਕਲਾਸਾਂ ਸ਼ੁਰੂ ਹੋਣ ਬਾਰੇ ਸੰਸਥਾਵਾਂ ਅਤੇ ਸਿਖਿਆਰਥੀਆਂ ਨੂੰ ਵਖਰੇ ਤੌਰ ਤੇ ਸੂਚਿਤ ਕੀਤਾ ਜਾਵੇਗਾ। ਦਾਖਲੇ ਲਈ ਚਾਹਵਾਨ ਬਿਨੈਕਾਰ ਵੈਬਸਾਈਟ www.itipunjab.nic.in ਤੇ ਆਨ ਲਾਈਨ ਰਜਿਸ਼ਟਰੇਸ਼ਨ ਕਰ ਸਕਦੇ ਹਨ। ਦਾਖਲੇ ਸਬੰਧੀ ਵਿਸਥਾਰ ਪੂਰਵਕ ਹਦਾਇਤਾਂ ਅਤੇ ਗਾਈਡ ਲਾਈਨਜ਼ ਵੈਬਸਾਈਟ www.itipunjab.nic.in ਤੇ ਉਪਲਬੱਧ ਹਨ, ਨੂੰ ਪੜ੍ਹ ਲਿਆ ਜਾਵੇ। ਜੇਕਰ ਆਨ ਲਾਈਨ ਦਾਖਲੇ ਲਈ ਅਪਲਾਈ ਕਰਨ ਵਿਚ ਦਿੱਕਤ ਪੇਸ਼ ਆਉਂਦੀ ਹੈ ਤਾਂ ਉਮੀਦਵਾਰ ਆਪਣੇ ਨੇੜੇ ਦੀ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਵਿਚ COVID-19 ਸਬੰਧੀ ਹਦਾਇਤਾਂ ਦੀ ਪਾਲਣਾ ਕਰਦੇ ਹੋਏ, ਸੰਸਥਾਵਾਂ ਵਿਚ ਸਥਾਪਿਤ help desk ਤੇ ਕਿਸੇ ਵੀ ਦਿਨ ਨਿੱਜੀ ਤੌਰ ਤੇ ਜਾਂ ਈ-ਮੇਲ ਆਈ.ਡੀ. itiadmission2020@gmail.com ਜਾਂ ਫੋਨ ਨੰ: 0172-5022357 ਤੇ ਸੰਪਰਕ ਕਰ ਸਕਦਾ ਹੈ।

ਮਿਤੀ: 08-08-2020

ਕੁਮਾਰ ਸੋਰਭ ਰਾਜ ਆਈ ਏ ਐਸ
ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।

## ਆਨ ਲਾਈਨ ਦਾਖਲਾ 2020 ਲਈ ਜਰੂਰੀ (ਵਿਸਥਾਰ ਪੂਰਵਕ) ਹਦਾਇਤਾਂ

| | |
|---|---|
| 1. | COVID-19 ਦੇ ਦੁਸ਼-ਪ੍ਰਭਾਵ ਤੋਂ ਬਚਾਓ ਲਈ ਭਾਰਤ ਸਰਕਾਰ ਅਤੇ ਰਾਜ ਸਰਕਾਰ ਵਲੋਂ ਜਾਰੀ ਹਦਾਇਤਾਂ ਦਾ ਵਿਸ਼ੇਸ਼ ਤੌਰ ਤੇ ਧਿਆਨ ਰੱਖਿਆ ਜਾਵੇ ਅਤੇ ਇੰਨ੍ਹਾਂ ਦੀ ਪਾਲਣਾ ਕੀਤੀ ਜਾਵੇ। |
| 2. | ਉਮੀਦਵਾਰਾਂ ਵਲੋਂ ਆਨ ਲਾਈਨ ਦਾਖਲੇ ਲਈ ਉਪਰੋਕਤ ਦਾਖਲਾ ਸ਼ਡਿਊਲ ਵਿਚ ਦਰਸਾਈਆਂ ਮਿਤੀਆਂ ਨੂੰ ਅਪਲਾਈ/ ਰਜਿਸ਼ਟਰੇਸ਼ਨ ਕੀਤੀ ਜਾ ਸਕਦੀ ਹੈ। ਇਸ ਉਪਰੰਤ ਕੋਈ ਰਜਿਸ਼ਟਰੇਸ਼ਨ ਨਹੀਂ ਹੋਵੇਗੀ। ਉਮੀਦਵਾਰਾਂ ਵਲੋਂ ਆਨ ਲਾਈਨ ਰਜਿਸ਼ਟਰੇਸ਼ਨ ਲਈ ਕੇਵਲ ਇਕ ਵਾਰੀ ਹੀ ਰਜਿਸ਼ਟਰੇਸ਼ਨ ਆਈ.ਡੀ. ਤਿਆਰ ਕੀਤੀ ਜਾਵੇ। ਉਮੀਦਵਾਰ ਆਪਣੀ ਆਨ ਲਾਈਨ ਰਜਿਸ਼ਟਰੇਸ਼ਨ ਦੇ ਲਾਗ-ਇਨ ਆਈ.ਡੀ. ਦਾ password ਕਿਸੇ ਹੋਰ ਨਾਲ ਸ਼ੇਅਰ ਨਾ ਕਰਨ ਭਾਵ ਕਿਸੇ ਨੂੰ ਨਾ ਦੱਸਣ ਤਾਂ ਜੋ ਲਾਗ-ਇਨ ਆਈ.ਡੀ. ਦੀ ਦੁਰਵਰਤੋਂ ਨਾ ਹੋ ਸਕੇ। ਇਸ ਕਾਰਨ ਆਪਣੀ ਸਹੂਲੀਅਤ ਅਨੁਸਾਰ password ਸੁਰੱਖਿਅਤ ਰੱਖ ਲਿਆ ਜਾਵੇ। |
| 3. | ਆਨ ਲਾਈਨ ਰਜਿਸ਼ਟਰੇਸ਼ਨ ਫਾਰਮ ਧਿਆਨ ਨਾਲ ਭਰਿਆ ਜਾਵੇ। ਜਿਸ ਵਿਚ ਆਪਣੇ ਨਾਮ, ਪਿਤਾ ਦੇ ਨਾਮ ਅਤੇ ਅਤੇ ਮਾਤਾ ਦੇ ਨਾਮ ਦੇ ਸਪੈਲਿੰਗ, ਜਨਮ ਮਿਤੀ ਅਤੇ ਕੈਟਾਗਰੀ ਆਦਿ ਹੋਰ ਵੇਰਵੇ ਚੈਕ ਕਰਕੇ ਠੀਕ ਭਰੇ ਜਾਣ। ਕੈਂਡੀਡੇਟਸ ਵਲੋਂ ਆਨ ਲਾਈਨ ਰਜਿਸ਼ਟਰੇਸ਼ਨ ਕਰਨ ਸਮੇਂ ਇਹ ਵੇਰਵੇ ਸਹੀ ਭਰਨ ਉਪਰੰਤ, ਫਾਈਨਲ ਸਬਮਿਸ਼ਨ ਤੋਂ ਪਹਿਲਾਂ ਇਕ ਵਾਰ ਫਿਰ ਚੈਕ ਕਰ ਲਏ ਜਾਣ। ਡਾਕੂਮੈਂਟ ਵੈਰੀਫਾਈ ਹੋਣ ਤੱਕ ਉਮੀਦਵਾਰ ਨਿੱਜੀ ਲਾਗ-ਇਨ ਆਈ.ਡੀ. ਅਤੇ password ਦੀ ਵਰਤੋਂ ਕਰਦੇ ਹੋਏ ਆਪਣਾ ਡਾਟਾ Edit/ Update ਕਰ ਸਕਦੇ ਹਨ। ਗਲਤੀ ਹੋਣ ਤੇ ਉਮੀਦਵਾਰ ਦੀ ਨਿੱਜੀ ਜਿੰਮੇਵਾਰੀ ਹੋਵੇਗੀ। |
| 4. | ਡੀ.ਜੀ.ਟੀ. ਭਾਰਤ ਸਰਕਾਰ ਦੀਆਂ ਸਮੇਂ-ਸਮੇਂ ਤੇ ਜਾਰੀ ਹਦਾਇਤਾਂ ਅਨੁਸਾਰ ਹਰ ਕੈਂਡੀਡੇਟਸ ਵਲੋਂ ਆਨ ਲਾਈਨ ਦਾਖਲਾ ਫਾਰਮ ਵਿਚ ਆਪਣਾ ਮੋਬਾਈਲ ਨੰਬਰ ਲਾਜ਼ਮੀ (unique) ਅਤੇ ਈ ਮੇਲ ਆਈ.ਡੀ. ਲਾਜ਼ਮੀ (unique) ਭਰਿਆ ਜਾਵੇ। ਸਿਖਿਆਰਥੀਆਂ ਨੂੰ ਸਰਟੀਫਿਕੇਟ ਦੇ ਮਿਲ ਜਾਣ ਤੱਕ ਆਨ ਲਾਈਨ ਪੋਰਟਲ ਤੇ ਮੋਬਾਈਲ ਨੰਬਰ ਅਤੇ ਈ ਮੇਲ ਆਈ.ਡੀ. ਦੀ ਤਬਦੀਲੀ ਕਰਨ ਦੀ ਇਜਾਜਤ ਨਹੀਂ ਹੋਵੇਗੀ। ਮੋਬਾਈਲ ਨੰਬਰ ਉਪਰ ਲੋੜ ਪੈਣ ਤੇ ਓ.ਟੀ.ਪੀ. ਜਾਂ ਜਰੂਰੀ ਸੂਚਨਾ ਆਦਿ ਭੇਜੀ ਜਾਣੀ ਹੁੰਦੀ ਹੈ। ਇਸ ਲਈ ਦਾਖਲੇ ਦੋਰਾਨ ਮੋਬਾਈਲ ਨੰਬਰ ਚਾਲੂ ਹਾਲਤ ਵਿਚ ਰੱਖਿਆ ਜਾਵੇ। |
| 5. | ਰਜਿਸ਼ਟਰੇਸ਼ਨ ਉਪਰੰਤ ਉਮੀਦਵਾਰਾਂ ਵਲੋਂ ਆਨ ਲਾਈਨ ਦਾਖਲੇ ਲਈ, ਦਾਖਲਾ ਸ਼ਡਿਊਲ ਵਿਚ ਦਰਸਾਈਆਂ ਮਿਤੀਆਂ ਨੂੰ ਡਾਕੂਮੈਂਟਸ/ ਦਸਤਾਵੇਜ ਦੀ ਵੈਰੀਫਿਕੇਸ਼ਨ ਲਈ ਆਨ ਲਾਈਨ ਦਾਖਲਾ ਪੋਰਟਲ ਦੁਆਰਾ ਪ੍ਰੋਸੈਸਿੰਗ ਫੀਸ 100/- ਰੁਪਏ ਜਮਾਂ ਕਰਵਾਈ ਜਾਵੇ। ਇਸ ਉਪਰੰਤ ਹੀ Designated Institute ਸੰਸਥਾਵਾਂ ਵਲੋਂ ਸਰਟੀਫਿਕੇਟ ਆਨ ਲਾਈਨ ਵੈਰੀਫਾਈ ਕੀਤੇ ਜਾਣਗੇ। |
| 6. | ਡਾਕੂਮੈਂਟਸ/ ਦਸਤਾਵੇਜਾਂ ਦੀ ਵੈਰੀਫਿਕੇਸ਼ਨ ਲਈ Designated Institutes ਦੀ ਲਿਸ਼ਟ ਵੈਬਸਾਈਟ www.itipunjab.nic.in ਉਪਰ ਜਾਂ ਵੈਬਸਾਈਟ ਤੇ ਪਏ ਦਾਖਲਾ ਪ੍ਰਾਸਪੈਕਟਸ ਵਿਚ ਉਪਲਬੱਧ ਹੈ। ਉਮੀਦਵਾਰ ਆਪਣੀ ਸੁਵਿਧਾ ਅਨੁਸਾਰ ਇਸ ਲਿਸ਼ਟ ਵਿਚ ਦਰਸਾਏ ਅਨੁਸਾਰ ਕਿਸੇ ਵੀ Designated Institute ਤੋਂ ਆਨ ਲਾਈਨ ਸਰਟੀਫਿਕੇਟ ਵੈਰੀਫਾਈ ਕਰਵਾ ਸਕਦਾ ਹੈ। |
| 7. | ਵੱਖ-ਵੱਖ ਟਰੇਡਾਂ ਦੇ ਦਾਖਲੇ ਲਈ ਵਿਦਿਅਕ ਯੋਗਤਾਵਾਂ ਦਾਖਲਾ ਪ੍ਰਾਸਪੈਕਟਸ ਵਿਚ ਦਰਸਾਈਆਂ ਗਈਆਂ ਹਨ ਜੋ ਕਿ ਵੈਬਸਾਈਟ www.itipunjab.nic.in ਤੇ ਉਪਲਬੱਧ ਹੈ। |
| 8. | ਵੱਖ-ਵੱਖ ਕੋਰਸਾਂ ਦੇ ਦਾਖਲੇ ਲਈ ਉਮੀਦਵਾਰਾਂ ਦੀ ਉਮਰ ਹੇਠ ਅਨੁਸਾਰ ਹੈ:-<br>1. ਕਰਾਫਟਸਮੈਨ ਸਕੀਮ ਟਰੇਡਾਂ ਲਈ ਉਮੀਦਵਾਰ ਸ਼ਰੀਰਕ ਤੌਰ ਤੇ ਫਿੱਟ ਹੋਣ ਅਤੇ ਉਮਰ ਦਾਖਲੇ ਦੇ ਸਾਲ ਦੀ ਪਹਿਲੀ ਅਗਸਤ ਨੂੰ 14 ਸਾਲ ਹੋਵੇ। ਭਾਰਤ ਸਰਕਾਰ ਦੇ ਪ.ਨੰ: D.G.E.&T, ਅਨੁਸਾਰ ਦਾਖਲੇ ਲਈ ਉਪਰਲੀ ਉਮਰ ਦੀ ਹੱਦ ਖਤਮ ਕਰ ਦਿੱਤੀ ਹੈ।<br>2. ਆਰਟ ਤੇ ਕਰਾਫਟ ਟੀਚਰ ਟ੍ਰੇਨਿੰਗ ਕੋਰਸ ਲਈ ਉਮੀਦਵਾਰ ਸਰੀਰਕ ਤੌਰ ਤੇ ਫਿੱਟ ਹੋਵੇ ਅਤੇ ਉਮਰ ਦਾਖਲੇ ਦੇ ਸਾਲ ਦੀ ਪਹਿਲੀ ਅਗਸਤ ਨੂੰ 15 ਸਾਲ ਹੋਵੇ।<br>3. ਕਟਾਈ ਸਿਲਾਈ ਤੇ ਕਢਾਈ ਟੀਚਰ ਟ੍ਰੇਨਿੰਗ ਕੋਰਸ ਲਈ ਉਮੀਦਵਾਰ ਸਰੀਰਕ ਤੌਰ ਤੇ ਫਿੱਟ ਹੋਵੇ |

| | |
|---|---|
| | ਅਤੇ ਉਮਰ ਦਾਖਲੇ ਦੇ ਸਾਲ ਦੀ ਪਹਿਲੀ ਅਗਸਤ ਨੂੰ 16 ਸਾਲ ਹੋਵੇ। |
| 9. | ਦਾਖਲੇ ਵਿਚ ਰਿਜਰਵੇਸ਼ਨ ਪੰਜਾਬ ਸਰਕਾਰ ਵਲੋਂ ਨਿਰਧਾਰਤ ਰਿਜਰਵੇਸ਼ਨ ਪਾਲਿਸੀ ਮੁਤਾਬਿਕ ਹੋਵੇਗੀ। ਰਿਜਰਵ ਕੈਟਾਗਰੀ ਨਾਲ ਸਬੰਧਤ ਉਮੀਦਵਾਰ ਵਲੋਂ ਆਪਣੀ ਸੀਟ ਦੇ ਕਲੇਮ ਸਬੰਧੀ ਸਮਰੱਥ ਅਧਿਕਾਰੀ ਤੋਂ ਜਾਰੀ ਕੀਤੇ ਸਰਟੀਫਿਕੇਟ ਦੀ ਕਾਪੀ ਅਪਲੋਡ ਕੀਤੀ ਜਾਵੇ। ਅਜਿਹਾ ਸਬੂਤ ਉਪਰੋਕਤ ਦਾਖਲਾ ਸ਼ਡਿਉਲ ਵਿਚ ਦਰਸਾਈਆਂ ਮਿਤੀਆਂ ਦੇ ਅੰਦਰ ਅੰਦਰ ਅਪਲੋਡ ਨਾ ਕਰਨ ਦੀ ਸੂਰਤ ਵਿਚ ਉਸ ਨੂੰ ਜਨਰਲ ਕੈਟਾਗਰੀ ਵਜੋਂ ਵਿਚਾਰਿਆ ਜਾਵੇਗਾ। |
| 10. | ਜਿੰਨ੍ਹਾਂ ਉਮੀਦਵਾਰਾਂ ਨੂੰ ਪਹਿਲੀ ਕੌਂਸਲਿੰਗ ਦੋਰਾਨ ਦਾਖਲਾ ਨਹੀਂ ਮਿਲਿਆ, ਉਹਨਾਂ ਵਲੋਂ ਦਾਖਲਾ ਸ਼ਡਿਉਲ ਵਿਚ ਦਰਸਾਈਆਂ ਅਗਲੇ ਰਾਉਂਡ ਦੀਆਂ ਮਿਤੀਆਂ ਨੂੰ ਆਪਣੀ ਮੁੜ ਕੇਵਲ Choice Filling ਭਰੀ ਜਾਵੇ। |
| 11. | ਦਾਖਲਾ ਸ਼ਡਿਉਲ ਵਿਚ ਦਰਸਾਈਆਂ ਮਿਤੀਆਂ ਨੂੰ ਸੀਟ ਅਲਾਟਮੈਂਟ ਦਾ ਰਿਜਲਟ ਚੈਕ ਕੀਤਾ ਜਾਵੇ। |
| 12. | ਜਿੰਨ੍ਹਾਂ ਉਮੀਦਵਾਰਾਂ ਨੂੰ ਪਹਿਲੀ ਕੌਂਸਲਿੰਗ ਦੋਰਾਨ ਦਾਖਲਾ ਨਹੀਂ ਮਿਲਿਆ, ਉਹਨਾਂ ਵਲੋਂ ਦਾਖਲਾ ਸ਼ਡਿਉਲ ਵਿਚ ਦਰਸਾਈਆਂ ਅਗਲੇ ਰਾਉਂਡ ਦੀਆਂ ਮਿਤੀਆਂ ਨੂੰ ਮੁੜ ਆਪਣੀ ਚੁਆਇਸ ਭਰੀ ਜਾਵੇ। |
| 13. | ਜੇਕਰ ਕਿਸੇ ਉਮੀਦਵਾਰ ਨੂੰ ਕਿਸੇ ਕੌਂਸਲਿੰਗ ਦੋਰਾਨ ਦਾਖਲਾ ਮਿਲ ਜਾਂਦਾ ਹੈ ਅਤੇ ਉਹ ਫੀਸ ਜਮਾਂ ਕਰਵਾ ਦਿੰਦਾ ਹੈ, ਉਪਰੰਤ ਜੇਕਰ ਉਹ ਉਮੀਦਵਾਰ ਦੁਬਾਰਾ (ਪਹਿਲਾਂ ਮਿਲੀ ਸੀਟ ਨੂੰ ਹੋਰ better option ਅਨੁਸਾਰ ਅਪਡੇਟ ਕਰਨ ਲਈ) ਕਿਸੇ ਸੰਸਥਾ ਵਿਚ ਕਿਸੇ ਟਰੇਡ ਲਈ ਅਪਲਾਈ/ Choice Filling ਕਰਦਾ ਹੈ ਅਤੇ ਉਸ ਨੂੰ ਸੀਟ ਅਲਾਟ ਹੋ ਜਾਂਦੀ ਹੈ ਤਾਂ ਉਸ ਉਮੀਦਵਾਰ ਨੂੰ ਪਹਿਲਾਂ ਮਿਲੀ ਸੀਟ ਕੈਂਸਲ ਹੋ ਜਾਵੇਗੀ ਅਤੇ ਪਹਿਲਾਂ ਦਾਖਲੇ ਵਾਲੀ ਸੀਟ ਤੇ ਕਲੇਮ ਖਤਮ ਹੋ ਜਾਵੇਗਾ। ਇਸ ਲਈ ਜਿੰਨ੍ਹਾਂ ਉਮੀਦਵਾਰਾਂ ਨੂੰ ਉਨ੍ਹਾਂ ਦੀ ਮਨ-ਪਸੰਦ ਸੀਟ ਮਿਲ ਜਾਂਦੀ ਹੈ ਤਾਂ ਉਹ ਅਗਲੀ ਕੌਂਸਲਿੰਗ ਵਿਚ ਹਿੱਸਾ ਨਾ ਲੈਣ। |
| 14. | COVID-19 ਕਾਰਨ ਸੀਟ ਅਲਾਟਮੈਂਟ ਦੀ ਰਿਜਲਟ ਅਨੁਸਾਰ ਜੇਕਰ ਉਮੀਦਾਵਰ ਨੂੰ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਵਿਚ ਸੀਟ ਅਲਾਟ ਹੁੰਦੀ ਹੈ ਤਾਂ ਉਸ ਨੂੰ ਦਰਸਾਈਆਂ ਮਿਤੀਆਂ ਦੇ ਅੰਦਰ ਅੰਦਰ ਸੀਟ ਕੰਫਰਮ ਕਰਵਾਉਣ ਲਈ ਆਨ ਲਾਈਨ ਫੀਸ ਜਮਾਂ ਕਰਾਉਣੀ ਪਵੇਗੀ। ਨਿਰਧਾਰਤ ਮਿਤੀਆਂ ਦੇ ਅੰਦਰ ਅੰਦਰ ਫੀਸ ਜਮਾਂ ਨਾ ਕਰਾਉਣ ਦੀ ਸੂਰਤ ਵਿਚ ਅਲਾਟਿਡ ਸੀਟ ਰੱਦ ਸਮਝੀ ਜਾਵੇਗੀ। ਜੇਕਰ ਉਮੀਦਵਾਰ ਨੂੰ ਸੀਟ ਪ੍ਰਾਈਵੇਟ ਸੰਸਥਾ ਵਿਚ ਅਲਾਟ ਹੋ ਜਾਂਦੀ ਹੈ ਤਾਂ ਸਿਖਿਆਰਥੀ ਨੂੰ ਉਸ ਸੰਸਥਾ ਵਿਖੇ ਰਿਪੋਰਟਿੰਗ ਕਰਨੀ ਹੋਵੇਗੀ ਅਤੇ ਨਿਰਧਾਰਤ ਫੀਸ ਜਮਾਂ ਕਰਾਉਣੀ ਹੋਵੇਗੀ।<br>Private ITIs will charge the Fee applicable at Govt. ITI's for 5% (five percentage) of the seats from the poor students whose family income is less than 2 lac per annum. |
| 15. | ਸੀਟ ਅਲਾਟਮੈਂਟ ਤੋਂ ਬਾਦ ਰਿਪੋਰਟਿੰਗ ਸਮੇਂ ਤੇ ਜਾਂ ਦਾਖਲੇ ਤੋਂ ਬਾਦ ਵੀ ਜੇਕਰ ਕਿਸੇ ਕੈਂਡੀਡੇਟਸ ਵਲੋਂ, ਦਾਖਲੇ ਲਈ ਸਬਮਿਟ ਕੀਤੇ ਦਸਤਾਵੇਜਾਂ ਵਿਚੋਂ, ਕੋਈ ਦਸਤਾਵੇਜ ਝੂਠਾ ਜਾਂ ਗਲਤ ਪਾਇਆ ਜਾਂਦਾ ਹੈ ਤਾਂ ਪੀ.ਆਈ. ਸੰਸਥਾ ਦੇ ਮੁੱਖੀ ਨੂੰ ਉਸ ਕੈਂਡੀਡੇਟਸ ਦੀ ਸੀਟ ਕੈਂਸਲ ਕਰਨ ਦਾ ਪੂਰਾ ਅਧਿਕਾਰ ਹੋਵੇਗਾ ਅਤੇ ਕੈਂਡੀਡੇਟਸ ਵਲੋਂ ਜਮਾਂ ਕਰਵਾਈ ਫੀਸ ਜਬਤ ਹੋ ਜਾਵੇਗੀ। ਇਸ ਤਰਾਂ ਕੈਂਡੀਡੇਟ ਅਲਾਟਿਡ ਸੀਟ ਅਤੇ ਜਮਾਂ ਕਰਵਾਈ ਫੀਸ ਦਾ ਲੀਗਲੀ ਹੱਕਦਾਰ ਨਹੀਂ ਹੋਵੇਗਾ। ਜਦੋਂ ਸੰਸਥਾਵਾਂ ਵਿਚ ਆਮ ਵਾਂਗ ਕਲਾਸਾਂ ਸ਼ੁਰੂ ਹੋਣਗੀਆਂ, ਉਸ ਸਮੇਂ ਸੰਸਥਾਵਾਂ ਵਲੋਂ ਸਿਖਿਆਰਥੀਆਂ ਦੇ ਅਸਲ ਸਰਟੀਫਿਕੇਟ ਚੈਕ ਕੀਤੇ ਜਾਣਗੇ। |
| 16. | ਦਾਖਲਾ ਪ੍ਰੀਕ੍ਰਿਆ ਅਤੇ ਕੌਂਸਲਿੰਗ ਸ਼ਡਿਉਲ ਦੇ ਸਬੰਧ ਵਿਚ ਸਮੇਂ-ਸਮੇਂ ਤੇ ਹੋਰ ਤਾਜਾ ਅਪਡੇਟ ਅਤੇ ਵਧੇਰੇ ਜਾਣਕਾਰੀ ਵੈਬਸਾਈਟ www.itipunjab.nic.in ਤੇ ਅਪਡੇਟ ਕੀਤੀ ਜਾਵੇਗੀ। ਇਸ ਲਈ ਕੈਂਡੀਡੇਟਸ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਤਾਜਾ ਅਪਡੇਟ ਅਤੇ ਵਧੇਰੇ ਜਾਣਕਾਰੀ ਲਈ ਇਹ ਵੈਬਸਾਈਟ ਨਿਯਮਿਤ ਤੌਰ ਤੇ ਚੈਕ ਕਰਦੇ ਰਹਿਣ। |
| 17. | ਜੇਕਰ ਉਮੀਦਵਾਰ ਦਾਖਲੇ ਲਈ ਅੰਤਿਮ ਮਿਤੀਆਂ ਨੂੰ (ਵੈਬਸਾਈਟ ਤੇ ਲੋਡ ਵੱਧ ਹੋ ਜਾਣ ਕਾਰਨ) ਰਜਿਸ਼ਟਰੇਸ਼ਨ ਕਰਨ ਵਿਚ ਅਸਮਰੱਥ ਹੁੰਦੇ ਹਨ ਤਾਂ ਇਸ ਵਿਚ ਵਿਭਾਗ ਦੀ ਜਿੰਮੇਵਾਰੀ ਨਹੀਂ ਹੋਵੇਗੀ। ਇਸ ਲਈ ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਸਾਰਾ ਪ੍ਰੋਸੈਸ ਪਹਿਲੀਆਂ ਮਿਤੀਆਂ ਨੂੰ ਹੀ |

| | |
|---|---|
| | ਮੁਕੰਮਲ ਕਰਨ ਲਈ ਪਹਿਲ ਦੇਣ। ਆਨ ਲਾਈਨ ਦਾਖਲਾ ਫਾਰਮ ਭਰਨ ਤੋਂ ਪਹਿਲਾਂ ਮੁਕੰਮਲ ਹਦਾਇਤਾਂ ਧਿਆਨ ਨਾਲ ਪੜ੍ਹਨ ਦੀ ਸਲਾਹ ਦਿੱਤੀ ਜਾਂਦੀ ਹੈ। |
| 18. | ਵਿਭਾਗ/ ਰਾਜ ਸਰਕਾਰ ਵਲੋਂ ਜਾਰੀ ਹਦਾਇਤਾਂ, ਪ੍ਰਾਸਪੈਕਟਸ, ਯੂਜਰ ਮੈਨੂਅਲ, ਦਾਖਲਾ ਨੋਟਿਸ ਅਤੇ ਹੋਰ ਜਾਣਕਾਰੀ ਆਦਿ ਵੈਬਸਾਈਟ www.itipunjab.nic.in ਤੇ ਉਪਲਬੱਧ ਹੈ। |

ਪਿੱਠ ਅੰਕਣ ਨੰ: ਆਈਟੀ/ਟ੍ਰੇ/ਦਾਖਲਾ/2020/ 4626-5009 ਮਿਤੀ: 08-08-2020

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

| | |
|---|---|
| 1. | ਪੀ.ਏ. ਟੂ ਮਾਨਯੋਗ ਡਾਇਰੈਕਟਰ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ। |
| 2. | ਮੁੱਖ ਦਫਤਰ ਦੇ ਸਾਰੇ ਅਧਿਕਾਰੀ ਸਿਵਾਏ ਮਾਨਯੋਗ ਡਾਇਰੈਕਟਰ ਸਾਹਿਬ। |
| 3. | ਮੁੱਖ ਦਫਤਰ ਦੇ ਸਾਰੀਆਂ ਸ਼ਾਖਾਵਾਂ ਦੇ ਸੁਪਰਡੰਟ। |
| 4. | ਸਕੱਤਰ, ਪੰਜਾਬ ਸਟੇਟ ਬੋਰਡ ਆਫ ਟੈਕਨੀਕਲ ਐਜੂਕੇਸ਼ਨ ਐਂਡ ਇੰਡਸ਼ਟ੍ਰੀਅਲ ਟ੍ਰੇਨਿੰਗ, ਸੈਕਟਰ 36-ਏ, ਚੰਡੀਗੜ੍ਹ। |
| 5. | ਪੰਜਾਬ ਰਾਜ ਦੀਆਂ ਸਰਕਾਰੀ ਅਤੇ ਪ੍ਰਾਈਵੇਟ ਉਦਯੋਗਿਕ ਸਿਖਲਾਈ ਸੰਸਥਾਵਾਂ, ਜਿੰਨ੍ਹਾਂ ਵਲੋਂ ਦਾਖਲਾ ਸੈਸ਼ਨ ਅਗਸਤ 2020 ਦੋਰਾਨ ਭਾਗ ਲਿਆ ਜਾ ਰਿਹਾ ਹੈ। |
| 6. | ਐਨ.ਆਈ.ਸੀ. ਪੰਜਾਬ। |
| 7. | ਡਾਇਰੈਕਟਰ ਸਿਖਿਆ ਵਿਭਾਗ, ਪੰਜਾਬ, ਚੰਡੀਗੜ੍ਹ। |
| 8. | ਡਾਇਰੈਕਟਰ ਅਨੁਸੂਚਿਤ ਜਾਤੀਆਂ ਅਤੇ ਜਨ ਜਾਤੀਆਂ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ। |
| 9. | ਡਾਇਰੈਕਟਰ ਸੈਨਿਕ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ। |

ਸਹਾਇਕ ਡਾਇਰੈਕਟਰ (ਟ੍ਰੇਨਿੰਗ)
ਵਾ: ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।